ਨੰ:6/2/2015-5ਵਿਪਪਤ/554506/1

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)

ਮਿਤੀ, ਚੰਡੀਗੜ੍ਹ: 27-3-2015

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ ਵਿੱਚ।

ਵਿਸ਼ਾ:- ਜੀ.ਪੀ.ਫੰਡ ਵਿੱਚੋਂ ਮੋੜਵਾਂ/ਨਾ-ਮੋੜਵਾਂ ਐਡਵਾਂਸ ਦੇਣ ਸਬੰਧੀ ।

****

ਸ੍ਰੀਮਾਨ/ਸ੍ਰੀਮਤੀ ਜੀ,

ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-2 ਦੇ ਨਿਯਮ 13.14 ਅਤੇ 13.29 ਵਿੱਚ ਕਰਮਚਾਰੀਆਂ ਨੂੰ ਜੀ.ਪੀ.ਫੰਡ ਵਿੱਚੋਂ ਮੋੜਨਯੋਗ ਤੇ ਨਾ-ਮੋੜਨਯੋਗ ਕਰਜੇ ਦਾ ਉਪਬੰਧ ਕੀਤਾ ਹੋਇਆ ਹੈ । ਭਾਵੇਂ ਕਰਮਚਾਰੀਆਂ ਦੀ ਸਹੂਲਤ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਮੋੜਵੇਂ/ਨਾ ਮੋੜਵੇਂ ਐਡਵਾਂਸ ਦੇਣ ਸਬੰਧੀ ਇਨ੍ਹਾਂ ਰੂਲਾਂ ਵਿੱਚ ਉਪਬੰਧ ਕੀਤਾ ਗਿਆ ਹੈ ਪ੍ਰੰਤੂ ਇਸ ਨਾਲ ਜੀ.ਪੀ.ਫੰਡ ਦੇ ਅਸਲ ਮੰਤਵ ਨੂੰ ਨੁਕਸਾਨ ਪਹੁੰਚਦਾ ਹੈ ਕਿਉਂਕਿ ਰੂਲ 13.14 ਦੇ ਨੋਟ 1 ਵਿੱਚ ਦਰਜ ਕੀਤੇ ਗਏ ਅਨੈਕਚਰ-ਏ ਅਨੁਸਾਰ ਜੀ.ਪੀ.ਫੰਡ ਸਬੰਧਤ ਕਰਮਚਾਰੀ ਦੇ ਪਰਿਵਾਰ ਨੂੰ ਲੋੜ ਪੈਣ ਤੇ ਉਸਦੀ ਵਰਤੋਂ ਲਈ ਜਾਂ ਕਰਮਚਾਰੀ ਦੀ ਸੇਵਾ ਨਿਵਰਤੀ ਉਪਰੰਤ ਬੁਢਾਪੇ ਵਿੱਚ ਇਹ ਰਕਮ ਉਸਦੇ ਲਈ ਸਹਾਰਾ ਬਣਦੀ ਹੈ । ਇਸ ਲਈ ਇਸ ਫੰਡ ਦਾ ਅਸਲ ਮਕਸਦ ਪ੍ਰਾਪਤ ਕਰਨ ਲਈ ਸਰਕਾਰ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਉਪਰੋਕਤ ਰੂਲਾਂ ਤਹਿਤ ਦਰਸਾਏ ਮੰਤਵਾਂ ਨੂੰ ਘੱਟ ਕੀਤਾ ਜਾਵੇ ਤਾਂ ਜੋ ਜੀ.ਪੀ.ਫੰਡ ਵਿੱਚੋਂ ਐਡਵਾਂਸ ਲੈਣ ਲਈ ਦਰਖਾਸਤਾਂ ਦੀ ਗਿਣਤੀ ਘੱਟ ਸਕੇ ਅਤੇ ਇਸ ਵਿੱਚੋਂ ਉਸ ਮੰਤਵ ਲਈ ਹੀ ਐਡਵਾਂਸ ਲਿਆ ਜਾਵੇ ਜਦੋਂ ਜਿਸ ਲਈ ਸਬੰਧਤ ਕਰਮਚਾਰੀ ਨੂੰ ਇਸ ਫੰਡ ਵਿੱਚੋਂ ਰਕਮ ਕਢਵਾਉਣੀ ਬਹੁੱਤ ਹੀ ਜਰੂਰੀ ਜਾਪਦੀ ਹੋਵੇ । ਇਸ ਲਈ ਸਰਕਾਰ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਹਾਲ਼ ਦੀ ਘੜੀ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਦੇ ਜਿਲਦ-2 ਦੇ ਨਿਯਮ 13.14(1) ਅਤੇ 13.29 ਵਿੱਚ ਨਿਮਨ ਦਰਸਾਏ ਮੰਤਵਾਂ ਦੀ ਥਾਂ ਹੇਠਾਂ ਲਿਖੇ ਮੰਤਵਾਂ ਲਈ ਹੀ ਐਡਵਾਂਸਾਂ ਨੂੰ ਸੀਮਤ ਰੱਖਿਆ ਜਾਵੇ :-

<u>ਮੋੜਨਯੋਗ ਐਡਵਾਂਸ</u> [ਰੂਲ 13.14(1) ਅਧੀਨ] :

- ਆਪਣੇ ਅਤੇ ਆਪਣੇ ਪਰਿਵਾਰ ਦੇ ਬਿਮਾਰੀ ਤੇ ਆਉਣ ਵਾਲੇ ਖਰਚੇ ਵਾਸਤੇ । [ਰੂਲ 13.14 (1)(ਏ)(i)]
- ਆਪਣੇ ਬੱਚਿਆਂ ਦੀ ਉਚੇਰੀ ਵਿਦਿਅਕ ਯੋਗਤਾ ਵਾਸਤੇ [ਰੂਲ 13.14 (1)(ii)]

<u>ਨਾ-ਮੋੜਨਯੋਗ ਐਡਵਾਂਸ</u> :

- ਪਲਾਟ/ਬਿਲਟ-ਅਪ-ਮਕਾਨ ਖਰੀਦਣ, ਪਲਾਟਾਂ ਦੀ ਉਸਾਰੀ ਕਰਨ, ਪਲਾਟ/ਬਿਲਟ-ਅਪ-ਮਕਾਨ ਦੀ ਰਿਪੇਅਰ ਅਤੇ ਵਾਧਾ ਕਰਨ ਬਾਰੇ । [ਰੂਲ 13.29(ਡੀ) ]
- ਲੜਕੀ ਦੀ ਸ਼ਾਦੀ ਲਈ । [ਰੂਲ 13.29(ਐਫ) ]
- ਲੜਕੇ ਦੀ ਸ਼ਾਦੀ ਲਈ । [ਰੂਲ 13.29(ਜੀ) ]
- ਆਪਣੇ ਅਤੇ ਆਪਣੇ ਪਰਿਵਾਰ ਦੇ ਬਿਮਾਰੀ ਤੇ ਆਉਣ ਵਾਲੇ ਖਰਚੇ ਵਾਸਤੇ । [ਰੂਲ 13.14 (1)(ਏ)(i)]

ਇਹ ਹਦਾਇਤਾਂ ਤੁਰੰਤ ਪ੍ਰਭਾਵੀ ਹੋਣਗੀਆਂ।

ਵਿਸ਼ਵਾਸਪਾਤਰ

(ਊਸ਼ਾ ਸਹਿਗਲ)

ਸੰਯੁਕਤ ਸਕੱਤਰ ਵਿੱਤ

ਪੰਨਾ 2/-